ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

**ਹੁਕਮ**

ਨੰ: 4/84/12-5ਸਿ4/136 ਮਿਤੀ,ਚੰਡੀਗੜ੍ਹ: 4/1/13

ਸ੍ਰੀ ਪ੍ਰਮੋਦ ਕੁਮਾਰ, ਸਾਬਕਾ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਸੰਗਰੂਰ, ਵਾਧੂ ਚਾਰਜ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਸੰਗਰੂਰ ਹੁਣ ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੋਂ (ਪਟਿਆਲਾ) ਵਿਰੁੱਧ ਐਫ.ਆਈ.ਆਰ ਨੰ:207, ਮਿਤੀ 12.5.2006 ਨੂੰ ਅ/ਧ 420/465/467/468/ 409/120-ਬੀ ਆਈ.ਪੀ.ਸੀ. ਅਤੇ 13(1) ਰੈੱਡ ਵਿੱਦ ਅ/ਧ 13 (2) ਆਫ ਪ੍ਰੀਵੈਂਸ਼ਨ ਆਫ ਕੁਰੱਪਸ਼ਨ ਐਕਟ 1988 ਪੀ.ਐਸ. ਸਿਟੀ, ਸੰਗਰੂਰ ਵਿਖੇ ਦਰਜ ਹੋਈ ਸੀ ਜਿਸ ਦੇ ਆਧਾਰ ਤੇ ਮੁਕੱਦਮਾ ਨੰ: 3 ਮਿਤੀ 3-5-08 ਮਾਨਯੋਗ ਅਡੀਸਨਲ ਸੈਸਨ ਜੱਜ(1) ਸਪੈਸਲ ਜੱਜ ਸੰਗਰੂਰ ਦੀ ਅਦਾਲਤ ਵਿੱਚ ਦਾਇਰ ਹੋਇਆ ਸੀ, ਜਿਸ ਵਿੱਚ ਉਸ ਵਿਰੁੱਧ ਨਿਯਮਾਂ ਦੀ ਉਲੰਘਣਾ ਕਰਕੇ ਘਟੀਆ ਕਿਸਮ ਦੇ ਕੰਪਿਊਟਰ ਖਰੀਦਣ ਦਾ ਦੋਸ਼ ਲਗਾਇਆ ਗਿਆ ਸੀ।

2. ਸ਼੍ਰੀ ਬੀ.ਕੇ.ਮਹਿਤਾ, ਮਾਨਯੋਗ ਐਡੀਸ਼ਨਲ ਸੈਸ਼ਨ ਜੱਜ (1)/ਸਪੈਸ਼ਲ ਜੱਜ ਸੰਗਰੂਰ ਜੀ ਦੀ ਅਦਾਲਤ ਵੱਲੋਂ ਉੱਕਤ ਅਧਿਕਾਰੀ ਨੂੰ ਮਿਤੀ 24.12.2011 ਨੂੰ ਦੋ ਧਾਰਾਵਾਂ ਵਿੱਚ ਪ੍ਰਤੀ ਧਾਰਾ ਤਿੰਨ ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਉਂਦੇ ਹੋਏ ਕੇਸ ਦਾ ਫੈਸਲਾ ਕੀਤਾ ਗਿਆ।

ACCUSED PARMOD KUMAR

| | |
|---|---|
| U/s 409 IPC | To undergo rigorous imprisionment for a period of three years and to pay fine of Rs. 50,000/- and in default of payment of fine to further undergo R.I. for six moths |
| U/s 13(2) of P.C. Act | To undergo rigorous imprisionment for a period of three years and to pay fine of Rs. 50,000/- and in default of payment of fine to further undergo R.I. for six moths |

Announced in open court
24-12-2011

Sd/-
(B.K.Metha)
Special Judge, Sangrur.

ਮਾਨਯੋਗ ਟਰਾਇਲ ਕੋਰਟ ਦੇ ਉਕਤ ਫੈਸਲੇ ਮਿਤੀ 24.12.2011 ਵਿਰੁੱਧ ਸ਼੍ਰੀ ਪ੍ਰਮੋਦ ਕੁਮਾਰ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਕਰੀਮੀਨਲ ਅਪੀਲ ਨੰ: S-439-SB of 2012 ਦਾਇਰ ਕੀਤੀ ਗਈ ਅਤੇ ਸਜ਼ਾ ਤੇ ਰੋਕ ਲਗਾਉਣ ਸਬੰਧੀ ਕਰੀਮੀਨਲ ਮਿਸਲੇਨੀਅਸ ਨੰ: ਐਮ-5927 ਆਫ 2012 ਦਾਇਰ ਕੀਤੀ ਗਈ। ਮਾਨਯੋਗ ਕੋਰਟ ਵੱਲੋਂ ਉੱਕਤ ਕਰੀਮੀਨਲ ਮਿਸਲੇਨੀਅਸ ਦਾ ਫੈਸਲਾ ਮਿਤੀ 15.2.12 ਨੂੰ ਕਰਦੇ ਹੋਏ ਸ਼੍ਰੀ ਪ੍ਰਮੋਦ ਕੁਮਾਰ ਦੀ ਸਜ਼ਾ ਸਸਪੈਂਡ ਕੀਤੀ (ਕਰੀਮੀਨਲ ਮਿਸਲੇਨੀਅਸ ਨੰ: ਐਮ-5927 ਆਫ 2012 ਸਬੰਧੀ ਮਾਨਯੋਗ ਹਾਈਕੋਰਟ ਦੇ ਫੈਸਲੇ ਮਿਤੀ 15.2.2012 ਦਾ ਓਪਰੇਟਿਵ ਭਾਗ ਹੇਠ ਲਿਖੇ ਅਨੁਸਾਰ ਹੈ:-

> "After giving my thoughtful consideration to the contentions raised and peculiar facts and circumstances of the case, this Court is of the considered opinion that it is just and expedient to suspend the sentence of the applicant/appellant, during the pendency of the appeal. Regular hearing of appeal is not likely to mature in the near future".

February 15,2012

Sd/-
RAMESHWAR SINGH MALIK
JUDGE

3. ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸਟ ਹੈ ਕਿ ਸ੍ਰੀ ਪ੍ਰਮੋਦ ਕੁਮਾਰ, ਸਾਬਕਾ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਸੰਗਰੂਰ, ਵਾਧੂ ਚਾਰਜ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਸੰਗਰੂਰ ਹੁਣ ਪ੍ਰਿੰਸੀਪਲ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੋਂ (ਪਟਿਆਲਾ) ਦੀ ਸਜਾ ਕੇਵਲ ਸਸਪੈਂਡ ਹੀ ਕੀਤੀ ਸੀ ਨਾਂ ਕਿ ਉਸ ਨੂੰ ਦੋਸਾ ਤੋਂ ਮੁਕਤ ਕੀਤਾ ਗਿਆ ਸੀ।

4. ਸ੍ਰੀ ਪ੍ਰਮੋਦ ਕੁਮਾਰ, ਸਾਬਕਾ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:) ਸੰਗਰੂਰ, ਵਾਧੂ ਚਾਰਜ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਸੰਗਰੂਰ ਹੁਣ ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੋ (ਪਟਿਆਲਾ) ਵੱਲੋਂ ਉੱਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ ਉੱਕਤ ਅਨੁਸਾਰ ਦਿੱਤੀਆਂ ਗਈਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜੀ ਹਾਂ ਕਿ ਅਜਿਹੇ ਅਧਿਕਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਮੈਂ ਰਵਨੀਤ ਕੌਰ, ਆਈ.ਏ.ਐਸ., ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਕੂਲਜ਼) ਸ੍ਰੀ ਪ੍ਰਮੋਦ ਕੁਮਾਰ, ਸਾਬਕਾ ਉੱਪ ਜ਼ਿਲ੍ਹਾ ਸਿੱਖਿਆ (ਐ:ਸਿ:) ਸੰਗਰੂਰ, ਵਾਧੂ ਚਾਰਜ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਸੰਗਰੂਰ ਹੁਣ ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੋਂ (ਪਟਿਆਲਾ) ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦਾ ਅਧਿਕਾਰ ਰੱਖਦੀ ਹਾਂ। ਇਸ ਲਈ ਮੈਂ ਉਸ ਨੂੰ ਤੱਤਕਾਲ ਸਮੇਂ ਤੋਂ ਭਾਰਤੀ ਸੰਵਿਧਾਨ ਦੀ ਧਾਰਾ 311 ਦੀ ਪ੍ਰਵੀਜੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਰੂਲਜ਼, 1970 ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾਵਾਂ ਤੋਂ ਬਰਖਾਸਤ (dismiss) ਕਰਦੀ ਹਾਂ। ਇਸ ਅਧਿਕਾਰੀ ਵਿਰੁੱਧ ਲੱਗੇ ਦੋਸ਼ਾਂ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਮੁਅੱਤਲੀ ਸਮੇਂ ਦੌਰਾਨ ਜੋ ਤਨਖਾਹ/ਭੱਤੇ ਮਿਲ ਚੁੱਕੇ ਹਨ, ਇਸ ਤੋਂ ਇਲਾਵਾ ਹੋਰ ਕੁੱਝ ਨਹੀਂ ਮਿਲੇਗਾ।

ਰਵਨੀਤ ਕੌਰ,
ਸਕੱਤਰ, ਪੰਜਾਬ ਸਰਕਾਰ
ਸਕੂਲ ਸਿਖਿਆ ਵਿਭਾਗ।

ਮਿਤੀ, ਚੰਡੀਗੜ੍ਹ:
17.12.2012

ਪਿ:ਅੰ:ਨੰ: 4/84/12-5ਸਿ4/ 137-350 ਮਿਤੀ,ਚੰਡੀਗੜ੍ਹ: 4/1/13

D456

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ;
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ - ਪੰਜਾਬ ਸਕੂਲ ਸਿੱਖਿਆ ਬੋਰਡ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ;
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿ:), ਪੰਜਾਬ - ਪੰਜਾਬ ਸਕੂਲ ਸਿੱਖਿਆ ਬੋਰਡ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ ਮੋਹਾਲੀ;
4. ਡਾਇਰੈਕਟਰ, ਐਸ.ਸੀ.ਈ.ਆਰ.ਟੀ, ਪੰਜਾਬ - ਪੰਜਾਬ ਸਕੂਲ ਸਿੱਖਿਆ ਬੋਰਡ, ਕੰਪਲੈਕਸ, ਫੇਜ਼-8. ਐਸ.ਏ.ਐਸ. ਨਗਰ ਮੋਹਾਲੀ।
5. ਡਾਇਰੈਕਟਰ, ਪੰਜਾਬ ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ, ਚੰਡੀਗੜ੍ਹ;

<u>ਰਜਿ:</u> 6. ਮੰਡਲ ਸਿੱਖਿਆ ਅਫਸਰ, ਜਲੰਧਰ/ਨਾਭਾ/ਫਰੀਦਕੋਟ;
<u>ਰਜਿ:</u> 7. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:);
<u>ਰਜਿ:</u> 8. ਸ੍ਰੀ ਪ੍ਰਮੋਦ ਕੁਮਾਰ, ਸਾਬਕਾ ਉੱਪ ਜ਼ਿਲ੍ਹਾ ਸਿੱਖਿਆ (ਐ:ਸਿ:) ਸੰਗਰੂਰ, ਵਾਧੂ ਚਾਰਜ ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ:), ਸੰਗਰੂਰ ਹੁਣ ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੋਂ (ਪਟਿਆਲਾ)
<u>ਰਜਿ:</u> 9. ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਰਨੋਂ (ਪਟਿਆਲਾ)

ਵਧੀਕ ਸਕੱਤਰ ਸਕੂਲ ਸਿੱਖਿਆ

ਪਿ:ਅੰ:ਨੰ: 4/84/12-5ਸਿ4/ 351-352 ਮਿਤੀ,ਚੰਡੀਗੜ੍ਹ: 4/1/13

ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮਗਰੀ ਵਿਭਾਗ ਪੰਜਾਬ, ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੂੰ ਪੰਜਾਬ ਸਰਕਾਰ ਦੇ ਗਜਟ ਵਿੱਚ ਛਪਾਉਣ ਦੀ ਖੇਚਲ ਕੀਤੀ ਜਾਵੇ।

ਵਧੀਕ ਸਕੱਤਰ ਸਕੂਲ ਸਿੱਖਿਆ

<u>ਅੰਦਰੂਨੀ ਵੰਡ</u>

1. ਨਿੱਜੀ ਸਕੱਤਰ/ਮਾਨਯੋਗ ਸਿੱਖਿਆ ਮੰਤਰੀ ਜੀ;
2. ਨਿੱਜੀ ਸਕੱਤਰ/ਸਕੱਤਰ ਸਕੂਲ ਸਿੱਖਿਆ;
3. ਨਿੱਜੀ ਸਹਾਇਕ/ਡੀ.ਜੀ.ਐਸ.ਈ.
4. ਨਿੱਜੀ ਸਹਾਇਕ/ਵ.ਸ.ਸ.ਸਿ. (ਗ) ਅਤੇ (ਜ)
5. ਸੁਪਰਡੰਟ, ਸਿੱਖਿਆ-2, 3, 4, 5, 6 ਅਤੇ 7 ਸ਼ਾਖਾ।